Weekly

# CANADA SIKH TIMES

7 - 13 January, 2024

ਕੈਨੇਡਾ ਸਿੱਖ ਟਾਈਮਜ਼

Volume 2 Issue 1

• RELIGION • CULTURE • HERITAGE • BUSINESS

## Guru Sahib's Birthday Through an Impressive Nagar-Kirtan in Jammu



Jammu city in the Union Territory of Jammu and Kashmir witnessed a magnificent celebration of Guru Gobind Singh Ji's birthday with a captivating Nagar-Kirtan organized by the Sikh community, under the supervision of the District Gurdwara Parbandhak Committee on January 3, 2023. The grand Nagar Kirtan yatra commenced at Gurudwara Chand Kour, traversing through the city and culminating at Singh Sabha Gurudwara Nanak Nagar. The event garnered vibrant participation from community members, accompanied by enthusiastic children from various schools, adding to the festive fervor.

## ਯੂਨਾਈਟਿਡ ਸਿੱਖਜ਼ ਵਲੰਟੀਅਰ ਸਨ ਕੌਰ ਬਰਤਾਨੀਆ ਵਿਚ ਸਨਮਾਨਤ



ਯੂਨਾਈਟਿਡ ਸਿੱਖਜ਼ ਦੀ ਸਨ ਕੌਰ, ਜੋ ਕਿ 2009 ਤੋਂ ਇਕ ਵਲੰਟੀਅਰ ਹੈ, ਨੂੰ ਨਿਊ ਈਅਰ ਆਨਰਜ਼ 2024 ਵਿਚ ਬ੍ਰਿਟਿਸ਼ ਐਂਪਾਇਰ ਮੈਡਲ (ਬੀ.ਈ.ਐਮ.) ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਵਕਾਰੀ ਮਾਨਤਾ ਵਿਸ਼ਵ ਮਾਨਵਤਾਵਾਦੀ ਖੇਤਰ ਵਿਚ ਯੂਨਾਈਟਿਡ ਸਿੱਖਜ਼ ਦੀ ਅਹਿਮ ਭੂਮਿਕਾ ਨੂੰ ਦਰਸਾਉਂਦੀ ਹੈ। ਸੰਸਥਾ ਦੇ ਬੁਲਾਰੇ ਮੁਤਾਬਕ ਸਨ ਕੌਰ ਦੀ ਪ੍ਰਸ਼ੰਸਾ ਨਰਪਿੰਦਰਜੀਤ ਕੌਰ ਦੇ ਨਕਸ਼ੇ ਕਦਮਾਂ 'ਤੇ ਚਲਦੀ ਹੈ, ਜਿਸ ਨੂੰ 2015 ਵਿਚ ਯੂਨਾਈਟਿਡ ਸਿੱਖ ਹੈਲਪਡੈਸਕ ਦੁਆਰਾ ਸਵੈ-ਸੇਵੀ ਸੇਵਾਵਾਂ ਲਈ ਬੀ.ਈ.ਐਮ ਨਾਲ ਸਨਮਾਨਤ ਕੀਤਾ ਗਿਆ ਸੀ। ਇਹ ਮਹੱਤਵਪੂਰਨ ਸੇਵਾ ਇਮੀਗ੍ਰੇਸ਼ਨ ਇਨਫ਼ੋਰਸਮੈਂਟ (ਆਈ ਈ) ਅਤੇ ਕਾਗ਼ਜ਼ੀ ਕਾਰਵਾਈ, ਮੀਟਿੰਗਾਂ, ਯਾਤਰਾ ਪ੍ਰਬੰਧਾਂ ਅਤੇ ਸਲਾਹ ਦੇ ਨਾਲ 15 ਸਾਲਾਂ ਵਿਚ 5000 ਤੋਂ ਵਧ ਲੋਕਾਂ ਦੀ ਸਹਾਇਤਾ ਕਰਦੀ ਹੈ, ਵਿਚਕਾਰ ਇਕ ਪੁਲ ਵਜੋਂ ਕੰਮ ਕਰਦੀ ਹੈ।

## ਯੂ. ਐਨ. ਓ




ਗੁਰੂ ਤੇਗ ਬਹਾਦਰ ਨੇ ਆਪਣੇ ਸਮੇਂ ਵਿਚ ਗੁਰੂ ਨਾਨਕ ਸਾਹਿਬ ਤੋਂ ਬਾਅਦ ਸਾਰੇ ਦੇਸ਼ ਦਾ ਭ੍ਰਮਣ ਕਰਕੇ ਪਹਿਲੇ ਗੁਰੂ ਸਾਹਿਬਾਨ ਵਲੋਂ ਕਾਇਮ ਕੀਤੀਆਂ ਸੰਗਤਾਂ ਨੂੰ ਫਿਰ ਸੁਰਜੀਤ ਕੀਤਾ ਤੇ ਭਾਰਤ ਦੀ ਲੋਕਾਈ ਨੂੰ ਗੁਲਾਮੀ ਤੇ ਨਮੋਸ਼ੀ ਦੀ ਜ਼ਿੰਦਗੀ ਤੋਂ ਕੱਢਣ ਲਈ ਨਿਰਭੈਅ ਹੋਣ ਦਾ ਸੰਦੇਸ਼ ਦਿੱਤਾ। ਉਸ ਸਮੇਂ ਦੀ ਰਾਜਨੀਤੀ ਵਲੋਂ ਧਰਮ-ਪਰਿਵਰਤਨ ਦਾ ਜਿਹੜਾ ਕਹਿਰ ਚੱਲ ਰਿਹਾ ਸੀ, ਉਸ ਦੇ ਸਾਹਮਣੇ ਹਿਕ ਡਾਹ ਕੇ ਖੜ੍ਹੇ ਹੋਣ ਲਈ ਲੋਕਾਈ ਵਿਚ ਹਿੰਮਤ ਭਰੀ ਤੇ ਫਿਰ ਆਪਣਾ ਸੀਸ ਦੇ ਕੇ ਮੁਗਲ ਹਕੂਮਤ ਦੀ ਹਨੇਰੀ ਨੂੰ ਰੋਕਣ ਵਿਚ ਕਾਮਯਾਬ ਹੋਏ। ਇਥੇ ਇਹ ਗੱਲ ਵਿਚਾਰਨ ਵਾਲੀ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਮਨੁੱਖੀ ਹੱਕਾਂ ਲਈ ਦਿੱਤੀ ਸ਼ਹੀਦੀ ਨੂੰ ਯੂ.ਐਨ.ਓ (UNO) ਵਲੋਂ ਮਨੁੱਖੀ ਅਧਿਕਾਰਾਂ ਦੀ ਰਾਖੀ ਵਾਸਤੇ ਆਪਣੇ ਚਾਰਟਰ ਵਿਚ ਸ਼ਾਮਲ ਕਰਨਾ ਲਗਭਗ 273 ਵਰ੍ਹੇ ਬਾਅਦ (1948) ਦਾ ਵਰਤਾਰਾ ਹੈ, ਨਾਲ ਹੀ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਧੂਬਰੀ (ਆਸਾਮ) ਵਿਖੇ ਦੋ ਰਾਜਿਆਂ ਵਿਚ ਸੁਲਾਹ ਕਰਾਕੇ ਜੰਗ ਰੋਕਣਾ ਤੇ ਮਨੁੱਖਾਂ ਦਾ ਲਹੂ ਨਾ ਡੁੱਲ੍ਹਣ ਦੇਣਾ ਵੀ ਮਨੁੱਖੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਕੀਤਾ ਕਾਰਜ ਹੈ। 1914 ਵਿਚ ਪਹਿਲੀ ਜੰਗ ਦੌਰਾਨ ਕੇਵਲ 5 ਦਿਨਾਂ ਲਈ ਜੰਗ ਰੁਕੀ ਤੇ ਐਮਨੈਸਟੀ ਇੰਟਰਨੈਸ਼ਨਲ (Amnesty International) ਦਾ ਕਾਇਮ ਹੋਣਾ ਕਾਫ਼ੀ ਬਾਅਦ ਦੇ ਕਾਰਜ ਹਨ। ਸਾਨੂੰ ਲੋੜ ਹੈ ਗੁਰੂ ਸਾਹਿਬ ਦਾ ਸ਼ਹੀਦੀ ਗੁਰਪੁਰਬ ਮਨਾਉਂਦੇ ਕੁੱਲ ਮਨੁੱਖਤਾ ਨੂੰ ਇਨ੍ਹਾਂ ਇਤਿਹਾਸਕ ਸੱਚਾਈਆਂ ਤੋਂ ਜਾਣੂੰ ਕਰਾਈਏ।

– ਪੁਸਤਕ **ਆਗਾਹਾ ਕੂ ਤ੍ਰਾਘਿ** 'ਚੋਂ

# DESH VIDESH

## ਇੱਕੀਵੀਂ ਸਦੀ ਅਤੇ 'ਨਾਨਕਸ਼ਾਹੀ ਕੈਲੰਡਰ'

- ਸਰਵਜੀਤ ਸਿੰਘ ਸੈਕਰਾਮੈਂਟੋ



ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਕਦੇ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿੱਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿੱਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿੱਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿੱਚ ਪ੍ਰਚੱਲਤ ਹੈ। ਹਿੰਦੂ ਧਰਮ ਵਿੱਚ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। "Today each of the major religions has its own calendar which is used to programme its religious ceremonies, and it is almost as true to say that each calendar has its religion." (E.G.Richards, Mapping Time: The Calendar and Its History)

**ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ:** ਇਸ ਕੈਲੰਡਰ ਵਿੱਚ ਚੰਦ ਅਤੇ ਸੂਰਜੀ ਕੈਲੰਡਰ ਇਕੱਠੇ ਚਲਦੇ ਹਨ। ਚੰਦ ਧਰਤੀ ਦੇ ਦੁਆਲੇ ਘੁੰਮਦਾ ਹੈ ਇਹ ਚੱਕਰ 29.53 ਦਿਨ ਵਿੱਚ ਪੂਰਾ ਕਰਦਾ ਹੈ। ਚੰਦ ਦੇ ਸਾਲ ਵਿਚ 12 ਮਹੀਨੇ ਅਤੇ 354.37 ਦਿਨ ਹੁੰਦੇ ਹੈ। ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ ਇਸ ਦਾ ਇਕ ਚੱਕਰ 365.2422 ਦਿਨ ਵਿਚ ਪੂਰਾ ਹੁੰਦਾ ਹੈ ਇਸ ਨੂੰ ਰੁੱਤੀ ਸਾਲ (ਟਰੋਪਿਕਉਲ ਈਯਰ) ਕਹਿੰਦੇ ਹਨ। ਇਸ ਤੋਂ ਸਪੱਸ਼ਟ ਹੈ ਕੇ ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਹੁਣ ਜਦੋਂ ਇਕ ਸਾਲ ਵਿੱਚ 11 ਦਿਨ ਅਤੇ ਦੋ ਸਾਲਾ ਵਿਚ 22 ਦਿਨ , ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਤਾ ਚੰਦ ਦੇ ਸਾਲ ਵਿੱਚ ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ ਉਸ ਸਾਲ, ਚੰਦ ਦੇ ਸਾਲ ਦੇ 13 ਮਹੀਨੇ ਅਤੇ 384 ਦਿਨ ਹੁੰਦੇ ਹਨ। ਅਜੇਹਾ 19 ਸਾਲ ਵਿਚ 7 ਵਾਰ ਕੀਤਾ ਜਾਂਦਾ ਹੈ। ਇਸ ਸਾਲ (ਸੰਮਤ 2080 ਬਿਕ੍ਰਮੀ) ਵੀ ਚੰਦ ਦੇ ਸਾਲ ਦੇ 13 ਮਹੀਨੇ ਹਨ ਇਸ ਸਾਲ ਸਾਵਣ ਦੇ ਦੋ ਮਹੀਨੇ ਹਨ। ਤੇਰਵੇਂ ਮਹੀਨੇ ਨੂੰ ਮਲ ਮਾਸ ਕਿਹਾ ਜਾਂਦਾ ਹੈ ਇਸ 'ਚ ਕੋਈ ਸ਼ੁਭ ਕੰਮ ਨਹੀ ਕੀਤਾ ਜਾਂਦਾ। ਇਸ ਮਹੀਨੇ ਤੋਂ ਪਿਛੋਂ ਆਉਣ ਵਾਲੇ ਦਿਹਾੜੇ 18/19 ਦਿਨ, ਪਿਛਲੇ ਸਾਲ ਤੋਂ ਪ 'ਛੜ ਕੇ ਮਨਾਏ ਜਾਂਦੇ ਹਨ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ ਪਿਛਲੇ ਸਾਲ 29 ਦਸੰਬਰ ਨੂੰ ਮਨਾਇਆ ਗਿਆ ਸੀ। ਉਸ ਤੋਂ ਅੱਗਲਾ ਦਿਹਾੜਾ ਇਸ ਤੋਂ 11 ਦਿਨ ਪਹਿਲਾ ਭਾਵ 18 ਦਸੰਬਰ ਨੂੰ ਆਉਣਾ ਚਾਹੀਦਾ ਸੀ ਪਰ ਨਹੀਂ। ਕਿਉਂਕਿ ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹਨ ਇਸ ਲਈ ਹੁਣ ਇਹ ਦਿਹਾੜਾ 17 ਜਨਵਰੀ 2024 ਨੂੰ ਆਵੇਗਾ। ਉਸ ਤੋਂ ਅੱਗਲਾ ਗੁਰਪੁਰਬ, ਇਸ ਤੋਂ 11 ਦਿਨ ਪਹਿਲਾ ਭਾਵ 6 ਜਨਵਰੀ 2025 ਅਤੇ ਉਸ ਤੋਂ ਅਗਲਾ 27 ਦਸੰਬਰ 2025 ਨੂੰ ਆਵੇਗਾ। ਸੰਮਤ 2083 ਬਿ: (2026 ਈ:) ਵਿੱਚ ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਸ ਕਾਰਨ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ 15 ਜਨਵਰੀ 2027 ਈ: ਨੂੰ ਆਵੇਗਾ। ਇਸ ਕੈਲੰਡਰ ਮੁਤਾਬਕ ਇਕ ਦਿਨ ਵਿੱਚ, ਚੰਦ ਦਿਆਂ ਦੋ ਤਿੱਥਾਂ (ਦਿਨ) ਜਾਂ ਦੋ ਦਿਨਾਂ ਵਿੱਚ ਚੰਦ ਦੀ ਇਕ ਤਿੱਥ, ਅਕਸਰ ਹੀ ਆ ਜਾਂਦੀਆਂ ਹਨ। ਜਿਵੇ 14 ਜਨਵਰੀ (2024 ਈ:) ਚੰਦ ਦੀ ਪੋਹ ਵਦੀ 3 ਅਤੇ 4 ਇਕ ਦਿਨ ਹੀ ਹਨ। ਇਸ ਕਾਰਨ ਇਸ ਸਾਲ ਇਹ ਦਿਹਾੜਾ ਮੱਸਿਆ ਤੋਂ 7 ਵੇਂ ਦਿਨ ਨਹੀਂ, 6ਵੇਂ ਮਨਾਇਆ ਜਾਵੇਗਾ। ਇਸ ਤੋਂ ਉਲਟ ਜਨਵਰੀ 29 ਅਤੇ 30 ਨੂੰ ਦੋਵੇਂ ਦਿਨ ਮਾਘ ਵਦੀ 4 ਹੋਵੇਗੀ। ਅਜੇਹਾ ਹਰ ਮਹੀਨੇ ਹੁੰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਚੰਦ ਦੇ ਕੈਲੰਡਰ ਨੂੰ ਵੀ ਖਿ 'ਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ ਤੇੜੇ ਹੀ ਕਰਨਾ ਪੈਣਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਵਰਤ ਲਿਆ ਜਾਵੇ?

**ਸੂਰਜੀ ਬਿਕ੍ਰਮੀ ਕੈਲੰਡਰ:** ਗੁਰੂ ਕਾਲ ਵੇਲੇ ਪ੍ਰਚੱਲਤ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਸੀ। ਸਾਲ ਦੀ ਇਹ ਲੰਬਾਈ ਰੁਤੀ ਸਾਲ ਦੀ ਲੰਬਾਈ (365.2422 ਦਿਨ) ਤੋਂ ਲੱਗ ਭੱਗ 24 ਮਿੰਟ ਵੱਧ ਹੋਣ ਕਾਰਨ ਇਹ 60 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਸੀ। ਨਵੰਬਰ 1964 ਵਿੱਚ ਸਾਲ ਦੀ ਇਸ ਲੰਬਾਈ 'ਚ ਸੋਧ ਕਰਕੇ, ਸਾਲ ਦੀ ਲੰਬਾਈ 365.2563 ਦਿਨ ਕਰ ਦਿੱਤੀ ਗਈ । ਹੁਣ ਵੀ ਸਾਲ ਦੀ ਇਹ ਲੰਬਾਈ ਵੀ ਰੁੱਤੀ ਸਾਲ ਤੋਂ ਲੱਗ ਭੱਗ 20 ਮਿੰਟ ਵੱਧ ਹੈ। ਹੁਣ ਇਹ 72 ਸਾਲ ਪਿਛੋਂ ਰੁੱਤੀ ਸਾਲ ਤੋਂ ਇਕ ਦਿਨ ਦਾ ਫਰਕ ਪੈ ਜਾਵੇਗਾ। ਇਸ ਕੈਲੰਡਰ ਦੇ ਮਹੀਨੇ ਦਾ ਅਰੰਭ (ਸੰਗਰਾਂਦ) ਉਸ ਦਿਨ ਹੁੰਦਾ ਹੈ ਜਦੋਂ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ। ਮਹੀਨਿਆਂ ਦੇ ਅਰੰਭ ਦਾ ਦਿਨ ਅਤੇ ਦਿਨਾਂ ਦੀ ਗਿਣਤੀ, ਹਰ ਸਾਲ ਬਦਲਦੇ ਰਹਿੰਦੇ ਹਨ। ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਸੂਰਜ ਦੇ ਚੜਨ ਵੇਲੇ ਹੁੰਦਾ ਹੈ।

**ਨਾਨਕਸ਼ਾਹੀ ਕੈਲੰਡਰ:** ਇਹ ਸੂਰਜੀ ਕੈਲੰਡਰ ਹੈ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਜੋ ਰੁੱਤੀ ਸਾਲ (365.2422 ਦਿਨ) ਦੇ ਬਹੁਤ ਹੀ ਨੇੜੇ ਹੈ। ਹੁਣ ਇਹ ਰੁੱਤੀ ਸਾਲ ਤੋਂ ਲੱਗ ਭੱਗ 3200 ਸਾਲ ਪਿਛੋਂ ਇਕ ਦਿਨ ਦਾ ਫਰਕ ਪਵੇਗਾ। ਇਸ ਦੇ ਮਹੀਨਿਆਂ ਦੇ ਅਰੰਭ ਅਤੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ, ਸਦਾ ਵਾਸਤੇ ਹੀ ਪੱਕੇ ਹਨ ਜਿਨ੍ਹਾਂ ਦਾ ਸੂਰਜ ਦੇ ਰਾਸ਼ੀ ਪ੍ਰਵੇਸ਼ ਨਾਲ ਕੋਈ ਵੀ ਸਬੰਧ ਨਹੀ ਹੈ। ਨਾਨਕ ਸ਼ਾਹੀ ਕੈਲੰਡਰ ਦੇ ਦਿਨ ਦਾ ਅਰੰਭ ਰਾਤ 12 ਵਜੇ ਤੋਂ ਹੁੰਦਾ ਹੈ। ਇਹ ਕੈਲੰਡਰ ਪੂਰੀ ਤਰ੍ਹਾਂ ਗੁਰਬਾਣੀ ਤੇ ਅਧਾਰਿਤ ਹੈ। (ਬਾਕੀ ਫੇਰ)

Gurpreet Singh
Director
(India) : +91 9810210366
(Canada) : +1 778 970 6660
(Whatsapp Call Only)
AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com
IATA
TAAI Travel Agents

# HERITAGE

## 'Significant Progress': $4.6 billion Mississauga and Brampton LRT



Provincial transit agency Metrolinx won't say whether the $4.6-billion Hazel McCallion LRT will be completed in 2024, as originally promised. The Mississauga News asked Metrolinx in late December if the planned 19-stop light rail line connecting Mississauga and Brampton was still on track to launch sometime in 2024 and a spokesperson from the provincial transit authority said there was "significant progress" made on the line last year but declined to provide a precise or general opening date. Last year, construction on the LRT saw several milestones, including completed trackwork for the LRT at 20 of 54 intersections and construction of a new bridge at Eaglewood Boulevard.

## ਆਸਟ੍ਰੇਲਿਆ ਵਿਚ ਰਹਿਣਾ ਹੋਇਆ ਔਖਾ

ਸਾਰੀ ਦੁਨੀਆ ਵਿਚ ਵੱਧ ਰਹੀ ਮਹਿੰਗਾਈ ਦਾ ਪ੍ਰਭਾਵ ਹੁਣ ਆਸਟ੍ਰੇਲਿਆ ਵਿਚ ਵੀ ਦੇਖਣ ਨੂੰ ਮਿਲ ਰਿਹਾ ਹੈ, ਇਸਦਾ ਸਭ ਤੋਂ ਜ਼ਿਆਦਾ ਅਸਰ ਰੀਅਲ ਅਸਟੇਟ ਦੇ ਖੇਤਰ 'ਤੇ ਹੋਇਆ ਹੈ। ਆਸਟ੍ਰੇਲਿਆ ਵਿਚ ਇਸ ਵੇਲੇ ਘਰ ਖਰੀਦਣਾ ਟੀਸੀ ਦੇ ਬੇਰ ਨੂੰ ਹੱਥ ਪਾਉਣ ਬਰਾਬਰ ਹੈ, ਉਥੇ ਇਕ ਔਸਤ ਘਰ ਦਾ ਮੁੱਲ ਪਿਛਲੇ 25 ਸਾਲਾਂ ਵਿਚ ਤਿੰਨ ਗੁਣਾ ਹੋ ਗਿਆ ਹੈ। ਇਹਨਾਂ ਸਥੀਤੀਆਂ ਨੇ ਨਾਗਰਿਕਾਂ ਲਈ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਹਨ।




## ਸਿੱਖ ਸੰਦੇਸ਼ਾ ਜਰਮਨੀ ਤੇ ਹੋਰ ਗੁਰਦਵਾਰਾ ਸੁਸਾਇਟੀਆਂ ਨੇ ਤਿਆਰ ਕੀਤਾ ਮੂਲ ਨਾਨਕਸ਼ਾਹੀ ਕੈਲੰਡਰ



ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ, ਨਿਊਨ ਕਿਰਚਨ, ਜਰਮਨੀ ਵਿਖੇ ਨਵੇਂ ਸਾਲ ਦੀ ਆਰੰਭਤਾ ਤੇ ਸੰਗਤਾਂ ਵਲੋਂ ਗੁਰੂ ਸਾਹਿਬ ਜੀ ਦਾ ਓਟ ਆਸਰਾ ਲਿਆ ਗਿਆ। ਇਸ ਸਮੇਂ ਸਿੱਖ ਸੰਦੇਸ਼ਾ ਜਰਮਨੀ, ਗੁਰੂ ਗ੍ਰੰਥ ਸਾਹਿਬ ਗੁਰਮਤਿ ਅਕੈਡਮੀ ਜਰਮਨੀ, ਸਿੱਖ ਯੂਥ ਫ਼ਰਮ ਜਰਮਨੀ, ਸ਼ਬਦ ਸੁਰਤ ਪ੍ਰਚਾਰ ਵਹੀਰ ਜਰਮਨੀ, ਸਿੰਘ ਸਭਾ ਜਰਮਨੀ, ਸਿੰਘ ਸਭਾ ਬੈਲਜੀਅਮ ਵਲੋਂ ਤਿਆਰ ਕੀਤਾ ਹੋਇਆ ਮੂਲ ਨਾਨਕਸ਼ਾਹੀ ਕੈਲੰਡਰ ਸੰਮਤ 556 ਜਾਰੀ ਕੀਤਾ ਗਿਆ। ਇਸ ਕੈਲੰਡਰ ਉਪਰ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀਆਂ ਤਸਵੀਰਾਂ ਛਾਪੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਜੀਵਨ ਬਾਰੇ ਵਿਸ਼ੇਸ਼ ਅਤੇ ਸੰਖੇਪ ਜਾਣਕਾਰੀ ਪੇਸ਼ ਕੀਤੀ ਗਈ ਹੈ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਦੇ ਚਾਨਣ ਵਿਚ ਕਿਸੀ ਇਤਿਹਾਸਕ ਗੁਰਦੁਆਰੇ ਵਿੱਚ ਗੁਰਪੁਰਬ ਸਮੇਂ 4 ਲਖ ਦੀਵੇ ਜਗਾਉਣੇ ਕਿਸ ਤਰਾਂ ਕਰਮ ਕਾਂਡ ਹੈ?**

a. ਇਹ ਕੌਮੀ ਦਸਵੰਧ ਦੀ ਦੁਰਵਰਤੋਂ ਹੈ
b. ਵਾਤਾਵਰਣ ਦੂਸ਼ਿਤ ਹੋਵੇਗਾ
c. ਇਹ ਪੈਸਾ ਲੋੜਵੰਦਾਂ ਦੀ ਮਦਦ ਤੇ ਖਰਚ ਹੋਣਾ ਚਾਹੀਦਾ
d. ਇਹ ਸਾਰੇ ਕਾਰਣਾ ਕਰਕੇ

**2. ਗੁਰਬਾਣੀ ਵਿੱਚ ਆਏ ਮੰਤਰ ਸ਼ਬਦ ਦਾ ਕੀ ਅਰਥ ਹੈ?**

a. ਕੋਈ ਟੋਟਕਾ
b. ਗੁਰੂ ਦੀ ਸਿਖਿਆ
c. ਵਸ ਕਰਨ ਦਾ ਤਰੀਕਾ
d. ਰਟਨ ਲਈ ਸ਼ਬਦ

**3. ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਅੰਕਾ ਤੇ ਨਿਤਨੇਮ ਦੀ ਕਿਹੜੀਆਂ ਬਾਣੀ ਸੁਸ਼ੋਭਿਤ ਹਨ?**

a. ਜਪੁ
b. ਸੋਦਰ ਸੋ ਪੁਰਖ
c. ਸੋਹਿਲਾ
d. ਇਹ ਸਾਰੀਆਂ

**4. ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸਮੁੱਚੇ ਰੂਪ ਵਿੱਚ ਮਨੁੱਖਤਾ ਨੂੰ ਕੀ ਸੰਦੇਸ਼ ਦਿੰਦੀ ਹੈ?**

a. ਉਪਰਾਮਤਾ
b. ਵੈਰਾਗ
c. ਸੰਨਿਆਸ
d. ਜੀਵਨ ਜੀਊਣ ਦਾ ਤਰੀਕਾ

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

### *Reasons for Not Getting Hired and Suggested Solutions*



Narinder Pal Singh

**Unimpressive resume & cover letter** – It is important to polish your resume and cover note in a professional way because it is the first impression on potential employers.

How to fix it– Customized the resume/ cover letter and highlight the skills/experience, relevant to the position. Use keywords throughout your resume and cover letter. This will help your application get noticed by applicant tracking systems (ATS). Proofread carefully for any errors in grammar or spelling.

**Lack of knowledge about company & job profile-** Before you go on an interview, it's important to research the company and the job profile thoroughly.

How to fix it- Visit the company's website / other social media, read blog, social media pages, relevant content, news articles, write-ups, probe the people who are working/already worked in the company.

**Under qualified or over qualified–** Based on the job profile, the employer may be hesitant to call you for interview because of your higher / lower skills, experience and qualifications.

**How to fix it-** If you're underqualified, focus on highlighting the skills and experience that you do have. If you're overqualified, explain to employers why you're interested in the position.Be sure to emphasize your skills and experience that are relevant to the job, and explain how you can contribute to the company.

**Passive job searching -** If you're not actively networking or applying for jobs, you're less likely to get hired.

How to fix it - Set aside time each day to job search. This could involve networking, applying for jobs, or attending industry events. Reach out to people in your network and let them know you're looking for a job. Use job boards and social media to find job openings.


**Lack of passion & enthusiasm -** Employers want to hire people who are passionate and excited about their work & opportunity to grab new opportunity.

How to fix it - Do your research on the company and the job profile and be prepared to explain why you're interested in the position. Be enthusiastic and positive during your interview. Ask questions about the company and the job role. This shows that you're engaged and interested.

DISCOVER YOUR PASSION,
SHAPE YOUR CAREER

◆◆◆◆◆

## ਟੀਵੀ ਸੀਰੀਅਲ "ਗੀਤ ਢੋਲੀ" ਦੀ ਮੁੱਖ ਅਦਾਕਾਰਾ ਗੁਰਪ੍ਰੀਤ ਕੌਰ ਨੇ ਜਿੱਤੇ ਦੋ ਐਵਾਰਡ



ਜ਼ੀ ਪੰਜਾਬੀ ਦੇ ਹਿੱਟ ਸ਼ੋਅ "ਗੀਤ ਢੋਲੀ" ਵਿੱਚ ਗੀਤ ਦੇ ਮਨਮੋਹਕ ਕਿਰਦਾਰ ਲਈ ਮਸ਼ਹੂਰ ਗੁਰਪ੍ਰੀਤ ਕੌਰ ਨੇ ਆਪਣੇ ਨਾਂ ਇੱਕ ਹੋਰ ਉਪਲਬਧੀ ਹਾਸਿਲ ਕੀਤੀ ਹੈ, ਆਪਣੀ ਨਵੀਂ ਲਘੂ ਫਿਲਮ 'ਏ ਸਾਈਲੈਂਟ ਏਸਕੇਪ' ਵਿੱਚ ਆਪਣੀ ਬੇਮਿਸਾਲ ਕਾਰਗੁਜ਼ਾਰੀ ਲਈ ਦੋ ਵੱਕਾਰੀ ਪੁਰਸਕਾਰ ਪ੍ਰਾਪਤ ਕੀਤੇ। ਗੁਰਪ੍ਰੀਤ ਕੌਰ ਦੀ ਕਮਾਲ ਦੀ ਪ੍ਰਤਿਭਾ ਅਤੇ ਅਦਾਕਾਰੀ ਪ੍ਰਤੀ ਸਮਰਪਣ ਨੇ ਨਾ ਸਿਰਫ ਉਦਯੋਗ ਵਿੱਚ ਉਸਦਾ ਰੁਤਬਾ ਉੱਚਾ ਕੀਤਾ ਹੈ ਬਲਕਿ ਦਰਸ਼ਕਾਂ ਅਤੇ ਫੈਨਜ਼ ਵੱਲੋਂ ਵੀ ਵਿਆਪਕ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ।


## SIKH MATRIMONIALS

Gursikh Boy 25/5'7"/BBA From Bow Valley College, Canada/ Working in Calgary Non Veg Contact +1 9810064036

Gursikh Girl/35/5'4"/PhD(Biotechnology)/ Canada PR/ Father Doctor Ex Army/ Seeking Qualified Gursikh Match Contact +91 9815542987

Gursikh girl 37/ 5'3"/MSc ,PHD Zoology/Working as Assistant Professor/Parents Govt Officer Retd. CONTACT +91 70060 79109


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. B 3. D 4. D


Chief Editor: Dr. Harjinder Singh Editor: Dr. Davinder Singh Designer: Pavit Singh



Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)




email: canadasikhtimes@gmail.com, M: +1 437 673 7555